BRAMPTON Flower City
brampton.ca

media release

19 ਦਸੰਬਰ, 2018

# ਸਿਟੀ ਆਫ ਬ੍ਰੈਂਪਟਨ ਨੇ ਨਾਗਰਿਕਾਂ ਦੀਆਂ ਨਿਯੁਕਤੀਆਂ ਲਈ ਸੱਦਾ ਦਿੱਤਾ

## *ਸਿਟੀ ਨੇ ਨਾਗਰਿਕ-ਅਧਾਰਿਤ ਸਲਾਹਕਾਰ ਕਮੇਟੀਆਂ, ਨਿਰਣਾਇਕ ਕਮੇਟੀਆਂ, ਪ੍ਰਸ਼ਾਸਕੀ ਵਿਸ਼ੇਸ਼ ਅਦਾਲਤਾਂ ਅਤੇ ਸਬੰਧਿਤ ਨਿਯੁਕਤੀਆਂ ਲਈ ਨਾਗਰਿਕਾਂ ਨੂੰ ਸੱਦਾ ਦਿੱਤਾ*

ਬ੍ਰੈਂਪਟਨ, ਓਨਟੈਰੀਓ – ਉਹਨਾਂ ਸਾਰੇ ਬ੍ਰੈਂਪਟਨ ਵਾਸੀਆਂ ਨੂੰ ਸੱਦਾ ਦਿੱਤਾ ਜਾ ਰਿਹਾ ਹੈ, ਜੋ ਆਪਣੇ ਸ਼ਹਿਰ ਦੇ ਫ਼ੈਸਲਿਆਂ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ – ਸਿਟੀ ਆਫ ਬ੍ਰੈਂਪਟਨ (City of Brampton) ਦੀ ਕਾਉਂਸਿਲ ਆਫ ਦ ਕਾਰਪੋਰੇਸ਼ਨ (Council of the Corporation) ਉਹਨਾਂ ਨਾਗਰਿਕਾਂ ਤੋਂ ਅਰਜ਼ੀਆਂ ਮੰਗ ਰਹੀ ਹੈ, ਜੋ ਕਾਉਂਸਿਲ ਦੀ 2018-2022 ਟਰਮ ਲਈ ਭਿੰਨ ਨਿਯੁਕਤੀਆਂ ਵਿੱਚ ਇਛੁੱਕ ਹਨ। ਇਹ ਟਰਮ ਨਵੰਬਰ 2022 ਵਿੱਚ ਖਤਮ ਹੋਵੇਗੀ, ਜਾਂ ਜਦੋਂ ਤੱਕ ਕਿ ਉੱਤਰਾਧਿਕਾਰੀ ਨਿਯੁਕਤ ਨਹੀਂ ਕੀਤਾ ਜਾਂਦਾ।

ਸਿਟੀ ਨੂੰ ਹੇਠਾਂ ਦਿੱਤੇ ਮੁਤਾਬਕ, ਨਾਗਰਿਕ-ਅਧਾਰਿਤ ਸਲਾਹਕਾਰ ਕਮੇਟੀਆਂ (ਐਡਵਾਈਜਰੀ ਕਮੇਟੀਆਂ), ਨਿਰਣਾਇਕ ਕਮੇਟੀਆਂ (ਐਡਜੁਡੀਕੇਟਿਵ ਕਮੇਟੀਆਂ), ਪ੍ਰਸ਼ਾਸਕੀ ਵਿਸ਼ੇਸ਼ ਅਦਾਲਤਾਂ (ਐਡਮਿਨਿਸਟ੍ਰੇਟਿਵ ਟ੍ਰਾਇਬਿਊਨਲਸ) ਅਤੇ ਸਬੰਧਿਤ ਨਿਯੁਕਤੀਆਂ ਲਈ ਨਾਗਰਿਕਾਂ ਦੀ ਲੋੜ ਹੈ:

**ਨਾਗਰਿਕ-ਅਧਾਰਿਤ ਐਡਵਾਈਜਰੀ ਕਮੇਟੀਆਂ**

- ਪਹੁੰਚਯੋਗਤਾ (ਐਕਸੈਸੀਬਿਲਿਟੀ) ਐਡਵਾਈਜਰੀ ਕਮੇਟੀ
- ਉਮਰ-ਅਨੁਕੂਲਿਤ (Age-friendly) ਬ੍ਰੈਂਪਟਨ ਐਡਵਾਈਜਰੀ ਕਮੇਟੀ (ਇਸ ਵਿੱਚ ਤਿੰਨ ਬਾਲਗਾਂ (55+) ਅਤੇ 15-24 ਉਮਰ ਦੇ ਤਿੰਨ ਵਿਅਕਤੀਆਂ ਦੀ ਲੋੜ ਹੈ)
- ਬ੍ਰੈਂਪਟਨ ਭਾਈਚਾਰਕ ਸੁਰੱਖਿਆ ਸਲਾਹਕਾਰ ਕਮੇਟੀ (ਬ੍ਰੈਂਪਟਨ ਕਮਿਊਨਿਟੀ ਸੇਫਟੀ ਐਡਵਾਈਜਰੀ ਕਮੇਟੀ) (ਇਸ ਵਿੱਚ ਚਾਰ ਨਾਗਰਿਕ ਨੁਮਾਇੰਦਿਆਂ ਦੀ ਸਿਟੀ ਦੇ ਹਰੇਕ ਚਾਰ ਹਿੱਸਿਆਂ ਵਿੱਚੋਂ ਲੋੜ ਹੈ, ਜਿਵੇਂ ਕਿ ਹਾਈਵੇ 410 (Highway 410) ਅਤੇ ਕਵੀਨ ਸਟ੍ਰੀਟ (Queen Street) ਵੱਲੋਂ ਵੰਡ ਕੀਤੀ ਗਈ ਹੈ)
- ਬ੍ਰੈਂਪਟਨ ਹੈਰੀਟੇਜ ਬੋਰਡ
- ਬ੍ਰੈਂਪਟਨ ਸਕੂਲ ਟ੍ਰੈਫਿਕ ਸੁਰੱਖਿਆ ਕਾਉਂਸਿਲ (ਬ੍ਰੈਂਪਟਨ ਸਕੂਲ ਟ੍ਰੈਫਿਕ ਸੇਫਟੀ ਕਾਉਂਸਿਲ)
- ਸਾਈਕਲਿੰਗ ਸਲਾਹਕਾਰ ਕਮੇਟੀ (ਸਾਈਕਲਿੰਗ ਐਡਵਾਈਜਰੀ ਕਮੇਟੀ)
- ਵਾਤਾਰਵਨ ਸਬੰਧੀ ਸਲਾਹਕਾਰ ਕਮੇਟੀ (ਐਨਵਾਇਰਨਮੈਂਟ ਐਡਵਾਈਜਰੀ ਕਮੇਟੀ)
- ਸਪੋਰਟਸ ਹਾਲ ਆਫ ਫੇਮ ਕਮੇਟੀ

**ਨਿਰਣਾਇਕ ਕਮੇਟੀਆਂ (ਐਡਜੁਡੀਕੇਟਿਵ ਕਮੇਟੀਆਂ), ਪ੍ਰਸ਼ਾਸਕੀ ਵਿਸ਼ੇਸ਼ ਅਦਾਲਤਾਂ (ਐਡਮਿਨਿਸਟ੍ਰੇਟਿਵ ਟ੍ਰਾਇਬਿਊਨਲਸ) ਅਤੇ ਹੋਰ ਨਿਯੁਕਤੀਆਂ**

- ਲੇਖਾ ਕਮੇਟੀ (ਔਡਿਟ ਕਮੇਟੀ) (ਵਿੱਤੀ ਪਿਛੋਕੜ ਵਾਲੇ ਤਿੰਨ ਨਾਗਰਿਕਾਂ ਤੱਕ)
- ਪ੍ਰਸ਼ਾਸਕੀ ਵਿੱਤੀ ਸਜ਼ਾ ਪ੍ਰਣਾਲੀ ਜਾਂਚ ਸਮੀਖਿਆ ਅਫਸਰ (ਐਡਮਿਨਿਸਟ੍ਰੇਟਿਵ ਮੋਨੈਟਰੀ ਪੈਨਲਟੀ ਸਿਸਟਮ ਸਕ੍ਰੀਨਿੰਗ ਰਿਵਿਊ ਔਫਿਸਰ)
- ਪ੍ਰਸ਼ਾਸਕੀ ਵਿੱਤੀ ਸਜ਼ਾ ਪ੍ਰਣਾਲੀ ਸੁਣਵਾਈ ਸਮੀਖਿਆ ਅਫਸਰ (ਐਡਮਿਨਿਸਟ੍ਰੇਟਿਵ ਮੋਨੈਟਰੀ ਪੈਨਲਟੀ ਸਿਸਟਮ ਹੀਅਰਿੰਗ ਰਿਵਿਊ ਔਫਿਸਰ)

- ਬ੍ਰੈਂਪਟਨ ਅਪੀਲ ਵਿਸ਼ੇਸ਼ ਅਦਾਲਤ (ਬ੍ਰੈਂਪਟਨ ਅਪੀਲ ਟ੍ਰਾਇਬਿਊਨਲ)
- ਸਮਾਯੋਜਨ ਕਮੇਟੀ (ਕਮੇਟੀ ਆਫ ਐਡਜਸਟਮੈਂਟ)
- ਚੋਣ ਅਨੁਪਾਲਣ ਲੇਖਾ ਕਮੇਟੀ (ਇਲੈਕਸ਼ਨ ਕੰਪਲੀਐਂਸ ਔਡਿਟ ਕਮੇਟੀ) (ਵਿਕਲਪਿਕ ਮੈਂਬਰ)
- ਪ੍ਰਾਪਰਟੀ ਮਿਆਰ ਕਮੇਟੀ (ਪ੍ਰਾਪਰਟੀ ਸਟੈਂਡਰਡ ਕਮੇਟੀ)

ਇਹਨਾਂ ਨਿਯੁਕਤੀਆਂ ਲਈ ਨਿਵਾਸੀਆਂ ਦਾ ਸਮਾਂ ਅਤੇ ਸਕਿਰਿਆ ਭਾਗੀਦਾਰੀ ਦੀ ਲੋੜ ਹੈ ਤਾਂ ਜੋ ਉਹ ਸਿਟੀ ਉੱਤੇ ਅਰਥਪੂਰਨ ਅਸਰ ਪਾ ਸਕਣ। ਯੋਗਤਾਵਾਂ ਅਤੇ ਜ਼ਿੰਮੇਵਾਰੀਆਂ ਸਮੇਤ, ਨਿਯੁਕਤੀ ਸਬੰਧੀ ਮੌਕਿਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ www.brampton.ca ਤੇ ਜਾਓ।

ਅਰਜ਼ੀ ਫਾਰਮ ਅਤੇ ਹਰੇਕ ਕਮੇਟੀ/ਨਿਯੁਕਤੀ ਲਈ ਹਵਾਲੇ ਦੀਆਂ ਸ਼ਰਤਾਂ ਸਿਟੀ ਦੀ ਵੈਬਸਾਈਟ www.brampton.ca ਤੇ ਉਪਲਬਧ ਹਨ। ਤੁਸੀਂ ਇਹਨਾਂ ਨੂੰ ਬ੍ਰੈਂਪਟਨ ਸਿਟੀ ਹਾਲ ਵਿੱਚ ਸਿਟੀ ਕਲਰਕ ਦੇ ਦਫ਼ਤਰ ਤੋਂ ਵੀ ਲੈ ਸਕਦੇ ਹੋ ਜਾਂ ਜਾਣਕਾਰੀ ਡਾਕ ਦੁਆਰਾ ਭੇਜਣ ਦੀ ਵੀ ਬੇਨਤੀ ਕਰ ਸਕਦੇ ਹੋ।

ਮੰਗ ਕਰਨ ਤੇ, ਅਰਜ਼ੀਆਂ ਵਿਕਲਪਿਕ ਫੌਰਮੈਟ ਵਿੱਚ ਉਪਲਬਧ ਹਨ।

ਅਰਜ਼ੀ ਫਾਰਮ, ਸ਼ੁੱਕਰਵਾਰ, 18 ਜਨਵਰੀ, 2019, ਸ਼ਾਮ 4:30 ਤੋਂ ਪਹਿਲਾਂ ਸਿਟੀ ਕਲਰਕ ਦੇ ਦਫ਼ਤਰ ਵਿੱਚ ਈਮੇਲ, ਡਾਕ ਦੁਆਰਾ ਜਾਂ ਖੁਦ ਆ ਕੇ ਜਮ੍ਹਾਂ ਕੀਤੇ ਜਾਣੇ ਲਾਜ਼ਮੀ ਹਨ।

ਜਿਹਨਾਂ ਨਿਵਾਸੀਆਂ ਨੂੰ ਹੋਰ ਜਾਣਕਾਰੀ ਚਾਹੀਦੀ ਹੈ, ਉਹ ਇੱਥੇ ਸੰਪਰਕ ਕਰ ਸਕਦੇ ਹਨ:
ਸਿਟੀ ਕਲਰਕਜ ਆਫਿਸ, ਬ੍ਰੈਂਪਟਨ ਸਿਟੀ ਹਾਲ
2 ਵੈਲਿੰਗਟਨ ਸਟ੍ਰੀਟ ਵੈਸਟ, ਬ੍ਰੈਂਪਟਨ, ਓਨਟੈਰੀਓ L6Y 4R2
905-874-2101, cityclerksoffice@brampton.ca
(City Clerk's Office, Brampton City Hall
2 Wellington St W, Brampton, ON L6Y 4R2
905-874-2101, cityclerksoffice@brampton.ca)

ਹਵਾਲਾ

"ਜੋ ਬ੍ਰੈਂਪਟਨ ਵਾਸੀ ਸਾਡੇ ਸ਼ਹਿਰ ਵਿੱਚ ਅਸਰ ਪਾਉਣਾ ਚਾਹੁੰਦੇ ਹਨ, ਉਹਨਾਂ ਨੂੰ ਨਾਗਰਿਕ ਨਿਯੁਕਤੀ ਲਈ ਅਰਜ਼ੀ ਦੇਣੀ ਚਾਹੀਦੀ ਹੈ। ਸੂਚਿਤ ਫ਼ੈਸਲੇ ਸਿਰਫ਼ ਨਿਵਾਸੀ ਸਲਾਹਕਾਰਾਂ ਨਾਲ ਹੀ ਸੰਭਵ ਹਨ – ਇਸ ਲਈ ਹੀ ਨਾਗਰਿਕ-ਅਧਾਰਿਤ ਸਲਾਹਕਾਰ ਕਮੇਟੀਆਂ, ਨਿਰਣਾਇਕ ਕਮੇਟੀਆਂ, ਪ੍ਰਸ਼ਾਸਕੀ ਵਿਸ਼ੇਸ਼ ਅਦਾਲਤਾਂ ਅਤੇ ਸਬੰਧਿਤ ਨਿਯੁਕਤੀਆਂ ਬ੍ਰੈਂਪਟਨ ਲਈ ਬਹੁਤ ਮਹੱਤਵਪੂਰਨ ਹਨ। ਇਕੱਠੇ ਮਿਲ ਕੇ, ਅਸੀਂ ਅਸਰ ਪਾ ਸਕਦੇ ਹਾਂ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter, Facebook ਅਤੇ Instagram 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

BRAMPTON Flower City
brampton.ca

media release

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca